## 10. ਸ੍ਵੈਜੀਵਨੀ ਅੰਸ਼ ' ਆਪਣੀ ਸੋਚ ਦੇ ਗਹਿਰੇ ਸਾਏ '    ਡਾ: ਸੋਹਿੰਦਰ ਸਿੰਘ ਵਣਜਾਰਾ ਬੇਦੀ

**ੳ :ਵਸਤੂਨਿਸ਼ਠ ਪ੍ਰਸ਼ਨ**

**1ਪ੍ਰਸ਼ਨ :ਆਪਣੀ ਸੋਚ ਦੇ ਗਹਿਰੇ ਸਾਏ ਸ੍ਵੈ ਜੀਵਨੀ ਅੰਸ਼ ਕਿਸ ਦੀ ਰਚਨਾ ਹੈ ?**

**ਉੱਤਰ : ਡਾ ਸੋਹਿੰਦਰ ਸਿੰਘ ਵਣਜਾਰਾ ਬੇਦੀ ।**

**2ਪ੍ਰਸ਼ਨ :ਕਾਲਜ ਵਿੱਚ ਪੜ੍ਹਦਿਆਂ ਵਣਜਾਰਾ ਬੇਦੀ ਕਿਸ ਪ੍ਰੋਫੈਸਰ ਤੋਂ ਪ੍ਰਭਾਵਿਤ ਹੋਇਆ ?**

**ਉੱਤਰ:ਡਾਕਟਰ ਗੋਪਾਲ ਸਿੰਘ ਦਰਦੀ ।**

**3ਪ੍ਰਸ਼ਨ: ਲੇਖਕ ਕੋਲ ਸਾਈਕਲ ਸਟੈਂਡ ਵਾਲੇ ਨੂੰ ਦੇਣ ਲਈ ਕਿੰਨੇ ਪੈਸੇ ਨਹੀਂ ਸਨ ?**

**ਉੱਤਰ : ਇੱਕ ਆਨਾ ।**

**ਸਹੀ/ ਗਲਤ**

**4ਪ੍ਰਸ਼ਨ: ਲੇਖਕ ਨੇ ਫਸਟ ਡਵੀਜ਼ਨ ਵਿੱਚ ਐਮ• ਏ •ਪਾਸ ਕੀਤੀ ।**

**ਉੱਤਰ: ਗ਼ਲਤ**

**5ਪ੍ਰਸ਼ਨ: ਪਿਤਾ ਦੀ ਬੇਵਕਤੀ ਮੌਤ ਕਾਰਨ ਵਣਜਾਰਾ ਬੇਦੀ ਨੂੰ ਪੜ੍ਹਾਈ ਵਿੱਚ ਹੀ ਛੱਡ ਕੇ ਨੌਕਰੀ ਕਰਨੀ ਪਈ ।**

**ਉੱਤਰ : ਸਹੀ ।**

**6ਪ੍ਰਸ਼ਨ: ਲੋਕਧਾਰਾ ਨੂੰ ਇਕੱਤਰ ਕਰਨ ਲਈ ਲੇਖਕ ਨੂੰ ਬਹੁਤੀ ਸਮੱਗਰੀ ਸ਼ਰਨਾਰਥੀਆਂ ਤੋਂ ਮਿਲੀ ।**

**ਉੱਤਰ : ਸਹੀ ।**

**ਖਾਲੀ ਸਥਾਨ ਭਰੋ :----**

**7 ਉੱਚੀਆਂ ਲੰਮੀਆਂ ਟਾਹਲੀਆਂ ਗੀਤ ਲੇਖਕ ਦੀ ਗੁਆਂਢਣ ਕੁੜੀ ਪੁਸ਼ਪਾ ਗਾ ਰਹੀ ਸੀ ।**

**8 ਨਵਾਂ ਸਾਈਕਲ ਖਰੀਦਣ ਲਈ ਵਣਜਾਰਾ ਬੇਦੀ ਨੂੰ ਆਪਣੀ ਪਤਨੀ ਦਾ ਸੋਨੇ ਦਾ ਹਾਰ ਵੇਚਣਾ ਪਿਆ ।**

**9 ਪ੍ਰਸ਼ਨ:ਵਣਜਾਰਾ ਬੇਦੀ ਨੇ ਆਪਣੀ ਸੱਸ ਨੂੰ ਕੀ ਲਿਖਵਾਉਣ ਲਈ ਕਿਹਾ ।**

**ਉੱਤਰ: ਅਲਾਹੁਣੀਆਂ ।**

**10 ਪ੍ਰਸ਼ਨ: ਡਾ ਵਣਜਾਰਾ ਬੇਦੀ ਨੇ ਕਿਸ ਵਿਸ਼ੇ ਉੱਤੇ ਪੀ ਐੱਚ ਡੀ ਕਰਨੀ ਸ਼ੁਰੂ ਕੀਤੀ ।**

ਉੱਤਰ : ਪੰਜਾਬ ਦਾ ਲੋਕ ਸਾਹਿਤ ।

11 ਪ੍ਰਸ਼ਨ: ਆਪਣੀ ਸੋਚ ਦੇ ਗਹਿਰੇ ਸਾਏ ਸ੍ਵੈ ਜੀਵਨੀ ਅੰਸ਼ ਲੇਖਕ ਦੀ ਕਿਸ ਰਚਨਾ 'ਚੋਂ ਲਿਆ ਗਿਆ ਹੈ?

ਉੱਤਰ: ਗਲੀਏ ਚਿੱਕੜ ਦੂਰਿ ਘਰੁ ।

ਅ ਦੱਸੋ

1. ਪ੍ਰੇਸ਼ਾਨ ਲੇਖਕ ਨੇ ਸਮੇਂ -ਸਮੇਂ ਆਪਣਾ ਜੀਵਨ ਮਨੋਰਥ ਕੀ ਮਿੱਥਿਆ ਤੇ ਕਿਉਂ ?

ਉੱਤਰ : ਜਦੋਂ ਲੇਖਕ ਰਾਵਲ ਪਿੰਡੀ ਖਾਲਸਾ ਸਕੂਲ ਵਿੱਚ ਪੜ੍ਹਦਾ ਸੀ ਤਾਂ ਹਿਸਾਬ ਦੇ ਮਾਸਟਰ ਅਰਜਨ ਸਿੰਘ ਨੂੰ ਦੇਖ ਕੇ ਉਸੇ ਵਾਂਗ ਬਣਨ ਦਾ ਮਨੋਰਥ ਮਿੱਥਿਆ ।ਉਸ ਨੂੰ ਉਹਨਾਂ ਦਾ ਮਾਣ ਮਰਤਬਾ ਤੇ ਸੰਜੀਦਗੀ ਬਹੁਤ ਪ੍ਰਭਾਵਿਤ ਕਰਦੀ ।

ਫੇਰ ਜਦੋਂ ਲੇਖਕ ਕਾਲਜ ਵਿੱਚ ਦਾਖਲ ਹੋਇਆ ਤਾਂ ਉਸ ਦਾ ਮੇਲ ਗੋਪਾਲ ਸਿੰਘ ਦਰਦੀ ਨਾਲ ਹੋਇਆ ਜੋ ਪੰਜਾਬੀ ਤੇ ਅੰਗਰੇਜ਼ੀ ਪੜ੍ਹਾਇਆ ਕਰਦੇ ਸਨ ।ਸਾਰੇ ਕਾਲਜ ਵਿੱਚ ਉਹ ਇੱਕੋ ਸਿੱਖ ਲੈਕਚਰਾਰ ਤੇ ਵੱਖਰੀ ਸ਼ਖਸੀਅਤ ਦੇ ਮਾਲਕ ਸਨ ।ਉਨ੍ਹਾਂ ਦੀ ਵਿਲੱਖਣਤਾ ਤੇ ਰਚਨਾਤਮਕ ਪ੍ਰਤਿਭਾ ਦਾ ਲੇਖਕ ਉੱਤੇ ਏਨਾ ਪ੍ਰਭਾਵ ਪਿਆ ਕਿ ਲੇਖਕ ਨੇ ਰੱਜ ਕੇ ਪੜ੍ਹਨ ਲਿਖਣ ਤੇ ਉਨ੍ਹਾਂ ਵਾਂਗ ਲੈਕਚਰਾਰ ਬਣਨ ਦਾ ਮਨੋਰਥ ਮਿੱਥਿਆ ।ਇਸ ਪ੍ਰਕਾਰ ਲੇਖਕ ਨੇ ਵੱਖ -ਵੱਖ ਵਿਅਕਤੀਆਂ ਦੇ ਪ੍ਰਭਾਵ ਅਧੀਨ ਸਮੇਂ-ਸਮੇਂ ਆਪਣਾ ਜੀਵਨ ਮਨੋਰਥ ਮਿੱਥਿਆ ।

2. ਪ੍ਰਸ਼ਨ :ਲੋਕ ਸਾਹਿਤ ਇਕੱਤਰ ਕਰਨ ਲਈ ਵਣਜਾਰਾ ਬੇਦੀ ਨੂੰ ਕਿਸ- ਕਿਸ ਤਰ੍ਹਾਂ ਦੇ ਯਤਨ ਕਰਨੇ ਪਏ। ਇਸ ਪਾਠ ਦੇ ਆਧਾਰ ਤੇ ਦੱਸੋ ।

ਉੱਤਰ:ਲੋਕ ਸਾਹਿਤ ਨੂੰ ਇਕੱਤਰ ਕਰਨ ਲਈ ਲੇਖਕ ਨੇ ਕਈ ਸ਼ਰਨਾਰਥੀਆਂ ਰਿਸ਼ਤੇਦਾਰਾਂ ਤੇ ਗੁਆਂਢੀਆਂ ਦੀ ਮੱਦਦ ਲਈ ।ਉਸ ਨੇ ਇਸ ਕੰਮ ਲਈ ਬਹੁਤ ਮਿਹਨਤ ਕੀਤੀ। ਲੇਖਕ ਨੇ ਲੋਕਧਾਰਾ ਸੰਕਲਪ ਅਤੇ ਇਸ ਖੇਤਰ ਨਾਲ ਸਬੰਧਿਤ ਭਾਸ਼ਿਕ ਸ਼ਬਦਾਵਲੀ ਨੂੰ ਸਮਝਣ ਲਈ ਬਹੁਤ ਸਾਰੀ ਸਮੱਗਰੀ ਇਕੱਠੀ ਕੀਤੀ ।ਸਟੈਂਡਰਡ ਫੋਕਲੋਰ ਡਿਕਸ਼ਨਰੀ ਦੀਆਂ ਦੋਵੇਂ ਜਿਲਦਾਂ ਖਰੀਦ ਕੇ ਉਸ ਦਾ ਅਧਿਐਨ ਸ਼ੁਰੂ ਕੀਤਾ ।

ਇੱਕ ਦਿਨ ਲੇਖਕ ਨੇ ਗੁਆਂਢੀਆਂ ਦੀ ਕੁੜੀ ਪੁਸ਼ਪਾ ਨੂੰ ਲੋਕ ਗੀਤ ਗਾਉਂਦੇ ਹੋਏ ਸੁਣਿਆ ਤਾਂ ਉਸ ਨੂੰ ਪਹਿਲੀ ਵਾਰ ਲੋਕ ਗੀਤਾਂ ਵਿੱਚ ਸੁੱਤੀ ਧੁਨੀ ਦਾ ਅਹਿਸਾਸ ਹੋਇਆ। ਲੇਖਕ ਨੇ ਬਹੁਤ ਸਾਰਾ ਸਾਹਿਤ ਪੱਛਮੀ ਪੰਜਾਬ ਤੋਂ ਦਿੱਲੀ ਆ ਕੇ ਵਸੇ ਸ਼ਰਨਾਰਥੀਆਂ ਤੋਂ ਇਕੱਠਾ ਕੀਤਾ ।ਇਸ ਤਰ੍ਹਾਂ ਲੇਖਕ ਦੇ ਅਨੁਭਵ ਦਾ ਆਧਾਰ ਪੁਸਤਕਾਂ ਨਹੀਂ, ਲੋਕ ਸੰਸਕ੍ਰਿਤੀ ਹੈ। ਲੇਖਕ ਨੂੰ ਜਿੱਥੋਂ ਕਿਤੋਂ ਵੀ ਕੋਈ ਗੀਤ ਅਖਾਣ ਮੁਹਾਵਰਾ ਮਿਲਦਾ, ਉਹ ਨੋਟ ਕਰ ਲੈਂਦਾ ।ਇੱਕ ਵਾਰ ਉਨ੍ਹਾਂ ਦੇ ਘਰ ਪੋਠੋਹਾਰਨ ਔਰਤ ਪ੍ਰਕਾਸ਼ ਕੌਰ ਮਿਲਣ ਆਈ ਜਿਸ ਤੋਂ ਲੇਖਕ ਨੇ ਢੇਰ ਸਾਰੇ ਗੀਤ ਇਕੱਠੇ ਕੀਤੇ ।

ਇੱਕ ਦਿਨ ਲੇਖਕ ਨੇ ਆਪਣੀ ਸੱਸ ਨੂੰ ਕਿਸੇ ਜਵਾਨ ਦੀ ਮੌਤ ਉੱਤੇ ਅਲਾਹੁਣੀਆਂ ਪਾਉਂਦੇ ਸੁਣਿਆ ਤਾਂ ਉਸ ਨੇ ਆਪਣੀ ਸੱਸ ਨੂੰ ਲਿਖਵਾਉਣ ਲਈ ਕਿਹਾ। ਇੱਕ ਦਿਨ ਲੇਖਕ ਦੀ ਸੱਸ ਦਰੀ ਵਿਛਾ ਕੇ ਆਪਣੇ ਦੋ ਤਿੰਨ ਸਾਲ ਪਹਿਲਾਂ ਸਵਰਗਵਾਸ ਹੋਏ ਪੁੱਤਰ ਨੂੰ ਯਾਦ ਕਰਕੇ ਅਲਾਹੁਣੀਆਂ ਪਾਉਣ ਲੱਗੀ। ਪਹਿਲਾਂ ਤਾਂ ਲੇਖਕ ਘਬਰਾ ਗਿਆ ।ਪਰ ਫਿਰ ਲਿਖਣ ਲੱਗ ਪਿਆ ।

ਇਸ ਤੋਂ ਇਲਾਵਾ ਲੇਖਕ ਲੋਕ ਸਾਹਿਤ ਨੂੰ ਇਕੱਤਰ ਕਰਨ ਲਈ ਕਈ ਲਾਇਬ੍ਰੇਰੀਆਂ ਵਿੱਚ ਗਿਆ ਇਸ ਦੌਰਾਨ ਉਸ ਨੂੰ ਕਈ ਘਰੇਲੂ ਮੁਸ਼ਕਿਲਾਂ ਵਿਚੋਂ ਲੰਘਣਾ ਪਿਆ। ਇਸ ਤਰ੍ਹਾਂ ਲੇਖਕ ਦੁਆਰਾ ਲੋਕ ਸਾਹਿਤ ਨੂੰ ਇਕੱਠਾ ਕਰਨ ਦੇ ਕੀਤੇ ਯਤਨ ਸਖ਼ਤ ਮਿਹਨਤ ਤੇ ਦੁੱਖਾਂ ਨਾਲ ਭਰਪੂਰ ਸਨ ।

3. ਪ੍ਰਸ਼ਨ :ਲੇਖਕ ਨੇ ਵਿੱਦਿਆ ਪ੍ਰਾਪਤੀ ਅਤੇ ਖੋਜ ਦਾ ਕੰਮ ਅੰਤਾਂ ਦੀਆਂ ਤੰਗੀਆਂ ਦੇ ਬਾਵਜੂਦ ਕੀਤਾ। ਇਸ ਪਾਠ ਦੇ ਆਧਾਰ ਤੇ ਦੱਸੋ ।

ਉੱਤਰ :ਲੇਖਕ ਨੂੰ ਵਿੱਦਿਆ ਪ੍ਰਾਪਤੀ ਤੇ ਖੋਜ ਦੇ ਕੰਮ ਲਈ ਕਈ ਔਕੜਾਂ ਵਿੱਚੋਂ ਲੰਘਣਾ ਪਿਆ। ਲੇਖਕ ਦੇ ਪਿਤਾ ਦੀ ਮੌਤ ਹੋਣ ਕਰਕੇ ਉਸ ਨੂੰ ਆਪਣੀ ਪੜ੍ਹਾਈ ਵਿਚਾਲੇ ਛੱਡ ਕੇ ਨੌਕਰੀ ਕਰਨੀ ਪਈ ।

ਲੇਖਕ ਨੇ ਜਦੋਂ ਖੋਜ ਦਾ ਕੰਮ ਸ਼ੁਰੂ ਕੀਤਾ ਤਾਂ ਉਹ ਘਰੇਲੂ ਮੁਸੀਬਤਾਂ ਵਿੱਚ ਘਿਰਿਆ ਹੋਇਆ ਸੀ ।ਪਤਨੀ ਤੇ ਚਾਰ ਬੱਚਿਆਂ ਦੀ ਜ਼ਿੰਮੇਵਾਰੀ ਉਸ ਉੱਪਰ ਸੀ। ਜਿਸ ਕਰਕੇ ਉਹ ਗਿਆਨੀ ਦੀਆਂ ਕਲਾਸਾਂ ਪੜ੍ਹਾਉਂਦਾ ।ਪੈਸਿਆਂ ਲਈ ਉਹ ਟਿਊਸ਼ਨਾਂ ਪੜ੍ਹਾਉਂਦਾ ਤੇ ਕਈ ਵਾਰ ਅਖ਼ਬਾਰ ਵਿੱਚ ਛਪੇ ਲੇਖਾਂ ਤੋਂ ਕੁਝ ਰਕਮ ਮਿਲ ਜਾਂਦੀ ।ਇੱਕ ਵਾਰੀ ਉਸ ਦਾ ਸਾਈਕਲ ਚੋਰੀ ਹੋ ਗਿਆ ਤਾਂ ਉਸ ਦੀ ਪਤਨੀ ਨੇ ਆਪਣਾ ਸੋਨੇ ਦਾ ਹਾਰ ਵੇਚ ਕੇ ਇਹ ਮੁਸ਼ਕਿਲ ਹੱਲ ਕੀਤੀ ।ਏਨੀਆਂ ਤੰਗੀਆਂ ਦੇ ਬਾਵਜੂਦ ਵੀ ਲੇਖਕ ਆਪਣੀ ਖੋਜ ਦੇ ਕੰਮ ਵਿੱਚ ਜੁਟਿਆ ਰਿਹਾ। ਉਹ ਘਰ ਨੌਕਰੀ ਲੱਭਣ ਦਾ ਕਹਿ ਕੇ ਆਪ ਲਾਇਬ੍ਰੇਰੀ ਵਿੱਚ ਖੋਜ ਦਾ ਕੰਮ ਕਰਦਾ ਰਹਿੰਦਾ

ਇੱਕ ਵਾਰ ਆਰਕੀਲੋਜੀਕਲ ਲਾਇਬ੍ਰੇਰੀ ਦੇ ਸਟੈਂਡ ਉੱਪਰ ਸਾਈਕਲ ਖੜ੍ਹਾ ਕਰਨ ਲਈ ਲੇਖਕ ਕੋਲ ਇੱਕ ਆਨਾ ਵੀ ਨਹੀਂ ਸੀ ਜਿਸ ਕਰਕੇ ਉਹ ਬਹੁਤ ਨਿਰਾਸ਼ ਹੋਇਆ ।ਉਸ ਨੇ ਫੈਸਲਾ ਕੀਤਾ ਕਿ ਉਹ ਆਪਣੀਆਂ ਖੋਜ ਦੀਆਂ ਸਾਰੀਆਂ ਫਾਈਲਾਂ ਨੂੰ ਰੱਦੀ ਵਿੱਚ ਵੇਚ ਦੇਵੇਗਾ ਤੇ ਹੁਣ ਪੈਸਾ ਕਮਾਉਣ ਦਾ ਕੋਈ ਕੰਮ ਕਰੇਗਾ ।ਜਿਸਨੂੰ ਉਸਦੀ ਪਤਨੀ ਮਜ਼ਾਕ ਸਮਝਦੀ। ਇਸ ਤਰ੍ਹਾਂ ਲੇਖਕ ਨੇ ਅੰਤਾਂ ਦੀ ਤੰਗੀ ਦੇ ਕਾਰਨ ਆਪਣੀ ਵਿੱਦਿਆ ਪ੍ਰਾਪਤੀ ਤੇ ਖੋਜ ਦਾ ਕੰਮ ਜਾਰੀ ਰੱਖਿਆ ।

4. ਪ੍ਰਸ਼ਨ ਲੇਖਕ ਦੀ ਉਸ ਦੇ ਗੁਆਂਢ ਵਿੱਚ ਰਹਿੰਦੇ ਮੁਲਤਾਨੀ ਬਜ਼ੁਰਗ ਨਾਲ ਜੋ ਗੱਲਬਾਤ ਹੋਈ, ਉਸ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ

ਉੱਤਰ :ਇੱਕ ਦਿਨ ਲੇਖਕ ਦੀ ਮੁਲਾਕਾਤ ਉਨ੍ਹਾਂ ਦੇ ਗੁਆਂਢ ਵਿੱਚ ਰਹਿਣ ਵਾਲੇ ਇੱਕ ਮੁਲਤਾਨੀ ਬਜ਼ੁਰਗ ਨਾਲ ਹੋਈ ।ਉਨ੍ਹਾਂ ਵਿਚਕਾਰ ਜੋ ਗੱਲਬਾਤ ਹੋਈ ਉਹ ਇਸ ਪ੍ਰਕਾਰ ਹੈ :-

ਲੇਖਕ ਨੇ ਉਸ ਨੂੰ ਕੁਝ ਗੀਤ ਤੇ ਕਹਾਣੀਆਂ ਲਿਖਵਾਉਣ ਲਈ ਪ੍ਰੇਰਦੇ ਹੋਏ ਕਿਹਾ ,

"ਬੜੇ ਭਲਾਈ ਦਾ ਕੰਮ ਈ ਪੁੰਨ ਖੱਟ ਲੈ ।"

ਰੋਟੀ ਟੁੱਕ ਕਮਾਉਣ ਤੋਂ ਹੀ ਵਿਹਲ ਨਹੀਂ ਮਿਲਦੀ, ਉਹ ਘਬਰਾਇਆ ਹੋਇਆ ਸੀ ਉਸ ਦੇ ਪੁੱਤਰ ਕੋਈ ਕੰਮ ਧੰਦਾ ਨਹੀਂ ਸੀ ਕਰਦੇ। ਕੋਠੇ -ਕੋਠੇ ਜਿੱਡੇ ਵੱਡੇ ਬੱਸ ਦੋਵੇਂ ਵਿਹਲੇ ਬਹਿ ਕੇ ਰੋਟੀ ਛਕ ਲੈਂਦੇ ।

ਤੂੰ ਕਿੰਨੇ ਪੈਸੇ ਰੋਜ਼ ਕਮਾ ਲੈਂਦਾ ਹੈ ।

ਬੱਸ ਢਾਈ ਤਿੰਨ ਰੁਪਏ ।

ਏਨੇ ਤੂੰ  ਮੇਰੇ ਕੋਲ ਕੋਲੋਂ ਲੈ ਲੈਣ ਤੇ ਦੋ ਚਾਰ ਦਿਨ ਮੇਰੇ ਕੋਲ ਹੀ ਟਿਕ ਕੇ ਰਹਿ ।

ਮੈਂ ਮੁਫ਼ਤ ਦੇ ਰੁਪਏ ਕਿਉਂ ਲਵਾਂ? ਗੱਲਾਂ ਕਰਨ ਦੇ ਪੈਸੇ। ਮੈਂ ਰੱਬ ਅੱਗੇ ਜਾਣ ਨਹੀਂ ਦੇਣੀ। ਪਿਓ ਦਾਦੇ ਦਾ ਦਿੱਤਾ ਕੋਈ ਇੰਝ ਵੇਚਣੇ

ਮੈਂ ਉਸ ਨੂੰ ਬੜਾ ਸਮਝਾਇਆ ਪਰ ਉਸ ਨੇ ਇੱਕ ਨਾ ਸੁਣੀ, ਜਿਸ ਵੇਲੇ ਵਿਹਲਾ ਹੋਵਾਂਗਾ। ਮੈਂ ਆਪਣੇ ਆਪ ਆ ਜਾਵਾਂਗਾ ।

**ਪ੍ਰਸ਼ਨ: ਇਸ ਪਾਠ ਨੂੰ ਪੜ੍ਹ ਕੇ ਤੁਹਾਨੂੰ  ਡਾਕਟਰ ਵਣਜਾਰਾ ਬੇਦੀ ਦੀ ਸ਼ਖ਼ਸੀਅਤ ਬਾਰੇ ਜੋ ਜਾਣਕਾਰੀ ਮਿਲਦੀ ਹੈ ,ਉਸ ਬਾਰੇ ਨੋਟ ਲਿਖੋ ।**

**ਉੱਤਰ:**ਇਸ ਪਾਠ ਨੂੰ ਪੜ੍ਹ ਕੇ ਪਤਾ ਲੱਗਦਾ ਹੈ ਕਿ ਲੇਖਕ ਦਾ ਜੀਵਨ ਬੜਾ ਗਰੀਬੀ ਤੇ ਦੁੱਖਾਂ ਭਰਿਆ ਸੀ। ਜਿਸ ਕਰਕੇ ਉਸ ਨੂੰ ਆਪਣੇ ਜੀਵਨ ਉਦੇਸ਼ ਨੂੰ ਪ੍ਰਾਪਤ ਕਰਨ ਲਈ ਬਹੁਤ ਮਿਹਨਤ ਕਰਨੀ ਪਈ। ਇਸ ਪਾਠ 'ਚੋਂ ਸਾਨੂੰ ਲੇਖਕ ਦੀ ਉਦੇਸ਼ ਪ੍ਰਾਪਤੀ ਦੀ ਲਗਨ ਤੇ ਮਿਹਨਤੀ ਸ਼ਖ਼ਸੀਅਤ ਬਾਰੇ ਪਤਾ ਲੱਗਦਾ ਹੈ। ਆਪਣੇ ਜੀਵਨ ਵਿੱਚ ਅੱਗੇ ਵਧਣ ਲਈ ਲੇਖਕ ਅਨੁਭਵੀ ਵਿਅਕਤੀਆਂ ਦੀਆਂ ਸ਼ਖ਼ਸੀਅਤਾਂ ਤੋਂ ਪ੍ਰੇਰਨਾ ਪ੍ਰਾਪਤ ਕਰਦਾ ਰਿਹਾ ।ਸਕੂਲ ਪੜ੍ਹਦਿਆਂ ਲੇਖਕ ਹਿਸਾਬ ਵਿੱਚ ਬਹੁਤ ਚੰਗਾ ਸੀ। ਕਾਲਜ ਵਿੱਚ ਪੜ੍ਹਦਿਆਂ ਹੋਇਆਂ ਉਸ ਨੇ ਵੀ ਲੇਖਕ ਤੇ ਲੈਕਚਰਾਰ ਬਣਨ ਦਾ ਮਨੋਰਥ ਮਿੱਥਿਆ, ਪਰ ਪਿਤਾ ਦੀ ਮੌਤ ਕਾਰਨ ਉਸ ਨੂੰ ਪੜ੍ਹਾਈ ਛੱਡ ਕੇ ਬੈਂਕ ਦੀ ਨੌਕਰੀ ਕਰਨੀ ਪਈ। ਉਹ ਫਤਹਿ ਤੇ ਪ੍ਰੀਤਮ  ਰਸਾਲੇ  ਦਾ ਸੰਪਾਦਕ ਵੀ ਰਿਹਾ, ਪਰ ਉਸ ਦੇ ਮਨ ਵਿੱਚ ਲੈਕਚਰਾਰ ਬਣਨ ਦੀ ਪ੍ਰਬਲ ਇੱਛਾ ਸੀ ।ਜਿਸ ਕਰਕੇ 1950  ਵਿੱਚ ਉਸ ਨੇ ਪ੍ਰਾਈਵੇਟ ਐਮ.ਏ.ਥਰਡ ਡਿਵੀਜ਼ਨ ਵਿੱਚ ਪਾਸ ਕੀਤੀ। ਫਿਰ ਉਸ ਨੇ ਪੰਜਾਬ ਯੂਨੀਵਰਸਿਟੀ ਤੋਂ ਪੰਜਾਬ ਦਾ ਲੋਕ ਸਾਹਿਤ ਵਿਸ਼ੇ ਉੱਤੇ ਅੰਗਰੇਜ਼ੀ ਵਿੱਚ ਨਿਬੰਧ ਲਿਖ ਕੇ ਪੀ.ਐੱਚ. ਡੀ. ਦੀ ਡਿਗਰੀ ਪ੍ਰਾਪਤ ਕੀਤੀ ।ਉਸ ਦੇ ਚਾਰ ਬੱਚੇ ਸਨ। ਪਰਿਵਾਰ ਦੀ ਰੋਟੀ ਚਲਾਉਣ ਲਈ ਉਹ ਗਿਆਨੀ ਦੀਆਂ ਕਲਾਸਾਂ ਲਗਾਉਂਦਾ। ਗਰੀਬ ਹੁੰਦਾ ਹੋਇਆ ਵੀ ਉਹ ਪੈਸੇ ਦਾ ਬਹੁਤਾ ਲਾਲਚ ਨਾ ਕਰਦਾ। ਸਾਹਿਤ ਇਕੱਠਾ ਕਰਦਿਆਂ ਏਧਰ- ਉਧਰ ਜਾਣ ਲਈ ਉਹ ਸਾਈਕਲ ਵਰਤਦਾ ।

ਇਸ ਪ੍ਰਕਾਰ ਇਸ ਸ੍ਵੈਜੀਵਨੀ ਅੰਸ਼ ਵਿੱਚੋਂ ਸਾਨੂੰ ਲੇਖਕ ਦੇ ਇੱਕ ਉੱਘੇ ਵਾਰਤਕਕਾਰ ,ਉਸ ਦੀ ਆਪਣੇ ਕੰਮ ਪ੍ਰਤੀ ਲਗਨ ਆਤਮ ਵਿਸ਼ਵਾਸ ਤੇ ਮਿਹਨਤੀ ਸੁਭਾਅ ਵਾਲੀ ਸ਼ਖ਼ਸੀਅਤ ਬਾਰੇ ਜਾਣਕਾਰੀ ਮਿਲਦੀ ਹੈ ।

ਤਿਆਰ ਕਰਤਾ:ਰਾਜਵਿੰਦਰ ਕੌਰ

ਪੰਜਾਬੀ ਲੈਕਚਰਾਰ ਸਰਦਾਰ ਦਰਬਾਰਾ ਸਿੰਘ ਮੈਮੋਰੀਅਲ ਗੌਰਮਿੰਟ ਗਰਲਜ਼ ਸੀਨੀਅਰ ਸੈਕੰਡਰੀ ਸਕੂਲ,ਮਲਸੀਆਂ ।ਜਿਲ੍ਹਾ ਜਲੰਧਰ ।

ਸਹਾਇਕ ਸਮੱਗਰੀ:ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਪ੍ਰਕਾਸ਼ਿਤ ਪੁਸਤਕ ਆਪ- ਬੀਤੀਆਂ